# ਰਾਜ ਵਿਦਿਅਕ ਖੋਜ਼ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ

ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ,ਬਲਾਕ ਈ,ਛੇਵੀ ਮੰਜਿਲ, ਫੇਜ਼-8, ਮੋਹਾਲੀ,

ਈ-ਮੇਲ:directorscert@punjabeducation.gov.in,ਫੋਨ ਨੰਬਰ:0172-221222


---

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ), ਪੰਜਾਬ।

ਸਮੂਹ ਪ੍ਰਿੰਸੀਪਲ, ਜਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾਵਾਂ , ਪੰਜਾਬ।

ਸਮੂਹ ਸਕੂਲ ਮੁੱਖੀ, ਪੰਜਾਬ।

ਮੀਮੋ ਨੰ : scert/815470/ 72 ਮਿਤੀ:01.06.2026

ਵਿਸ਼ਾ:- ਸਕੂਲਾਂ/ਸੰਸਥਾਵਾਂ ਵਿੱਚ ਵਿਦਿਆਰਥੀਆਂ ਨੂੰ "ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ ਤਹਿਤ ਜਾਗਰੂਕ ਕਰਨ ਲਈ ਗਤੀਵਿਧੀਆਂ ਕਰਵਾਉਣ ਸਬੰਧੀ।

1. ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।
2. ਪੰਜਾਬ ਰਾਜ ਦੇ ਸਮੂਹ ਜਿਲ੍ਹਿਆਂ ਵਿੱਚ 'ਨਸ਼ਾ ਮੁਕਤ ਭਾਰਤ ਅਭਿਆਨ' ਅਤੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਚਲ ਰਹੇ ਵੱਖ-ਵੱਖ ਪ੍ਰੋਗਰਾਮ ਜਿਵੇਂ ਕਿ NAPDDR, NAVCHETNA Module, Joint Action Plan, ANTF, Buddy Program, Prahari Club ਆਦਿ ਅਧੀਨ ਨਸ਼ਿਆਂ ਵਿਰੁੱਧ ਜਾਗਰੂਕਤਾ ਫੈਲਾਉਣ ਲਈ ਵੱਖ - ਵੱਖ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ।
3. ਸਕੂਲਾਂ ਵਿੱਚ ਚੱਲ ਰਹੀਆਂ ਨਸ਼ਿਆਂ ਵਿਰੁੱਧ ਜਾਗਰੂਕਤਾ ਨਾਲ ਸਬੰਧਤ ਗਤੀਵਿਧੀਆਂ ਦੀ ਨਿਗਰਾਨੀ ਲਈ ਜ਼ਿਲ੍ਹਾ ਪੱਧਰ 'ਤੇ ਨੋਡਲ ਅਧਿਕਾਰੀ ਦੀ ਨਿਯੁਕਤੀ ਕੀਤੀ ਗਈ ਹੈ। (Navchetna Module ਦੇ ਤਹਿਤ trained ਅਧਿਆਪਕਾਂ ਨੂੰ ਤਰਜੀਹ ਦਿੱਤੀ ਜਾਵੇ)।
4. ਵਿਦਿਆਰਥੀਆਂ ਵਿੱਚ ਨਸ਼ਿਆਂ ਦੇ ਪ੍ਰਭਾਵ ਨੂੰ ਖਤਮ ਕਰਨ ਅਤੇ ਜਾਗਰੂਕਤਾ ਫੈਲਾਉਣ ਲਈ ਸਕੂਲਾਂ ਵਿੱਚ ਕਰਵਾਈਆਂ ਜਾਣ ਵਾਲੀਆਂ ਗਤੀਵਿਧੀਆਂ ਹੇਠ ਲਿਖੇ ਅਨੁਸਾਰ ਹਨ:

ੳ. ਸਕੂਲ ਪੱਧਰ 'ਤੇ :

i. ਸਵੇਰ ਦੀ ਸਭਾ ਵਿੱਚ ਨਸ਼ਿਆਂ ਦੀ ਵਰਤੋਂ ਵਿਰੁੱਧ ਸਹੁੰ ਚੁੱਕਾਈ ਜਾਵੇ।

ii. ਪ੍ਰਹਰੀ ਕਲੱਬਾਂ ਦਾ ਗਠਨ ।

iii. ਬੱਡੀ ਪ੍ਰੋਗਰਾਮਾਂ ਦਾ ਸਹੀ ਸੰਚਾਲਨ।

ਅ. ਜਾਗਰੂਕਤਾ ਅਤੇ ਸਿੱਖਿਆ :

i. ਨਸ਼ਿਆਂ ਦੀ ਦੁਰਵਰਤੋਂ ਅਤੇ ਨਸ਼ਾਖੋਰੀ ਦੇ ਖ਼ਤਰਿਆਂ ਬਾਰੇ ਗੱਲ ਕਰਨ ਲਈ ਮਾਹਿਰਾਂ ਨੂੰ ਸੱਦਾ ਦਿੱਤਾ ਜਾਵੇ ।

ii. ਨਸ਼ਿਆਂ ਦੀ ਵਰਤੋਂ ਦੇ ਮਾੜੇ ਨਤੀਜਿਆਂ ਨੂੰ ਦਰਸਾਉਂਦੀਆਂ ਦਸਤਾਵੇਜ਼ੀ ਫਿਲਮਾਂ ਦਿਖਾਈਆਂ ਜਾਣ ।

iii. ਵਿਦਿਆਰਥੀਆਂ ਨੂੰ ਨਸ਼ਿਆਂ ਦੇ ਜੋਖਮਾਂ ਅਤੇ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਲਈ Interactive sessions ਦਾ ਆਯੋਜਨ ਕੀਤਾ ਜਾਵੇ ।

ੲ. ਰਚਨਾਤਮਕ ਗਤੀਵਿਧੀਆਂ

ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਅਤੇ Substance Abuse ਪ੍ਰਤੀ ਜਾਗਰੂਕ ਕਰਨ ਲਈ ਗਤੀਵਿਧੀਆਂ ਕਰਵਾਈਆਂ ਜਾਣ।

i. ਪੋਸਟਰ ਬਣਾਉਣਾ: ਵਿਦਿਆਰਥੀਆਂ ਨੂੰ ਨਸ਼ਿਆਂ ਵਿਰੋਧੀ ਸੰਦੇਸ਼ਾਂ ਵਾਲੇ ਪੋਸਟਰ ਬਣਾਉਣ ਲਈ ਉਤਸ਼ਾਹਿਤ ਕੀਤਾ ਜਾਵੇ ।

ii ਲੇਖ ਲਿਖਣਾ: ਵਿਦਿਆਰਥੀਆਂ ਲਈ ਨਸ਼ਿਆਂ ਦੀ ਦੁਰਵਰਤੋਂ ਦੇ ਖ਼ਤਰਿਆਂ 'ਤੇ ਲੇਖ ਮੁਕਾਬਲੇ ਕਰਵਾਏ ਜਾਣ ।

iii.ਕਵਿਤਾ ਪਾਠਣ: ਵਿਦਿਆਰਥੀਆਂ ਨੂੰ ਨਸ਼ਿਆਂ ਵਿਰੋਧੀ ਥੀਮਾਂ ਵਾਲੀਆਂ ਕਵਿਤਾਵਾਂ ਪੜ੍ਹਨ ਲਈ ਮੁਕਾਬਲੇ ਕਰਵਾਏ ਜਾਣ।

iv. ਕੁਇਜ਼ ਮੁਕਾਬਲਿਆਂ ਦਾ ਆਯੋਜਨ ਕੀਤਾ ਜਾਵੇ ।

ਸ. ਭਾਈਚਾਰਕ ਸ਼ਮੂਲੀਅਤ :

i. PTMs- ਮਾਪਿਆਂ ਨੂੰ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਦੇ ਖ਼ਤਰਿਆਂ ਬਾਰੇ ਜਾਗਰੂਕ ਕੀਤਾ ਜਾਵੇ ।

ii. ਭਾਈਚਾਰਕ ਪਹੁੰਚ- ਸਥਾਨਕ ਭਾਈਚਾਰੇ ਦੇ ਮੈਂਬਰਾਂ ਨੂੰ ਆਪਣੇ ਤਜ਼ਰਬੇ ਸਾਂਝੇ ਕਰਨ ਲਈ ਸੱਦਾ ਦਿੱਤਾ ਜਾਵੇ ।

ਹ. ਜਾਗਰੂਕਤਾ ਸਮਾਗਮ :

i. ਨਸ਼ਾ-ਮੁਕਤ ਰੈਲੀਆਂ ਦਾ ਆਯੋਜਨ ਕੀਤਾ ਜਾਵੇ ।

ii. ਵਰਕਸ਼ਾਪਾਂ ਦੇ ਆਯੋਜਨ ਕਰਵਾਏ ਜਾਣ ।

iii ਆਪਣੇ ਖੇਤਰ ਦੇ Narcotic Anonymous ਸਮੂਹਾਂ ਨਾਲ ਤਾਲਮੇਲ ਬਣਾਇਆ ਜਾਵੇ ।

ਕ. ਪਾਠਕ੍ਰਮ ਗਤੀਵਿਧੀਆਂ:-

i. ਨੌਵੀਂ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਲਈ ਤਿਆਰ ਕੀਤਾ ਗਿਆ ਵੀਡਿਓ ਅਧਾਰਤ ਪਾਠਕ੍ਰਮ ਸਕੂਲ ਟਾਈਮ ਟੇਬਲ ਵਿੱਚ ਸ਼ਾਮਲ ਕੀਤਾ ਜਾਵੇ।

5.0 ਉਕਤ ਗਤੀਵਿਧੀਆਂ ਹੇਠ ਦਰਸ਼ਾਈ ਸਾਰਣੀ ਅਨੁਸਾਰ ਕਰਵਾਈਆਂ ਜਾਣ:-

| ਲੜੀ ਨੰ: | ਮਹੀਨਾ | ਗਤੀਵਿਧੀਆਂ |
|---|---|---|
| 1 | ਜੁਲਾਈ | 1. ਵਰਕਸ਼ਾਪਾਂ ਦੇ ਆਯੋਜਨ ਕਰਵਾਏ ਜਾਣ।<br>2. ਸਵੇਰ ਦੀ ਸਭਾ ਵਿੱਚ ਨਸ਼ਿਆਂ ਦੀ ਵਰਤੋਂ ਵਿਰੁੱਧ ਸਹੁੰ ਚੁਕਾਈ ਜਾਵੇ।<br>3. ਨਸ਼ਾ ਵਿਰੋਧੀ ਭਾਸ਼ਣ ਮੁਕਾਬਲੇ ਕਰਵਾਉਣਾ।<br>4. ਇਸ ਮਹੀਨੇ ਵਿੱਚ ਨੌਵੀਂ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਦੀ ਵੀਡਿਓ ਅਧਾਰਿਤ ਪਾਠਕ੍ਰਮ ਦੀ ਪੜ੍ਹਾਈ ਦੇ ਚਾਰ ਹਫਤਾਵਰੀ ਸੈਸ਼ਨ ਲਗਾਏ ਜਾਣ। |
| 2 | ਅਗਸਤ | 1. ਵਿਦਿਆਰਥੀਆਂ ਨੂੰ ਨਸ਼ਿਆਂ ਵਿਰੋਧੀ ਸੰਦੇਸ਼ਾਂ ਵਾਲੇ ਪੋਸਟਰ ਬਣਾਉਣ ਲਈ ਉਤਸ਼ਾਹਿਤ ਕੀਤਾ ਜਾਵੇ।<br>2. ਨਸ਼ਾਮੁਕਤ ਰੈਲੀਆਂ ਦਾ ਆਯੋਜਨ ਕੀਤਾ ਜਾਵੇ-।<br>3. ਇਸ ਮਹੀਨੇ ਵਿੱਚ ਨੌਵੀਂ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਦੀ ਵੀਡਿਓ ਅਧਾਰਿਤ ਪਾਠਕ੍ਰਮ ਦੀ ਪੜ੍ਹਾਈ ਦੇ ਦੋ ਹਫਤਾਵਰੀ ਸੈਸ਼ਨ ਲਗਾਏ ਜਾਣ। |
| 3 | ਸਤੰਬਰ | 1. ਮਾਪਿਆਂ ਨੂੰ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਦੇ ਖ਼ਤਰਿਆਂ ਬਾਰੇ ਜਾਗਰੂਕ ਕੀਤਾ ਜਾਵੇ ।) PTM ਰਾਹੀਂ)<br>2. ਇਸ ਮਹੀਨੇ ਵਿੱਚ ਨੌਵੀਂ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਦੀ ਵੀਡਿਓ ਅਧਾਰਿਤ ਪਾਠਕ੍ਰਮ ਦੀ ਪੜ੍ਹਾਈ ਦੇ ਦੋ ਹਫਤਾਵਰੀ ਸੈਸ਼ਨ ਲਗਾਏ ਜਾਣ। |
| 4 | ਅਕਤੂਬਰ | 1. ਕਵਿਤਾ ਪਾਠਣਵਿਦਿਆਰਥੀਆਂ ਨੂੰ ਨਸ਼ਿਆਂ ਵਿਰੋਧੀ ਥੀਮਾਂ : ਵਾਲੀਆਂ ਕਵਿਤਾਵਾਂ ਪੜ੍ਹਨ ਲਈ ਮੁਕਾਬਲੇ ਕਰਵਾਏ ਜਾਣ ।<br>2. ਕੁਇਜ਼ ਮੁਕਾਬਲਿਆਂ ਦਾ ਆਯੋਜਨ ਕੀਤਾ ਜਾਵੇ ।<br>3. ਇਸ ਮਹੀਨੇ ਵਿੱਚ ਨੌਵੀਂ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਦੀ ਵੀਡਿਓ ਅਧਾਰਿਤ ਪਾਠਕ੍ਰਮ ਦੀ ਪੜ੍ਹਾਈ ਦੇ ਦੋ ਹਫਤਾਵਰੀ ਸੈਸ਼ਨ ਲਗਾਏ ਜਾਣ। |
| 5 | ਨਵੰਬਰ | 1. ਸਥਾਨਕ ਭਾਈਚਾਰੇ ਦੇ ਮੈਂਬਰਾਂ ਨੂੰ ਆਪਣੇ ਤਜ਼ਰਬੇ ਅਤੇ ਸਲਾਹ ਸਾਂਝੇ ਕਰਨ ਲਈ ਸੱਦਾ ਦਿੱਤਾ ਜਾਵੇ ।<br>2. ਨਸ਼ਿਆਂ ਦੇ ਨੁਕਸਾਨਾਂ ਸਬੰਧੀ ਸੈਮੀਨਾਰ।<br>3. ਇਸ ਮਹੀਨੇ ਵਿੱਚ ਨੌਵੀਂ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਦੀ ਵੀਡਿਓ ਅਧਾਰਿਤ ਪਾਠਕ੍ਰਮ ਦੀ ਪੜ੍ਹਾਈ ਦੇ ਦੋ ਹਫਤਾਵਰੀ ਸੈਸ਼ਨ ਲਗਾਏ ਜਾਣ। |

| | | |
|---|---|---|
| 6 | ਜਨਵਰੀ | 1. **ਸਵੇਰ ਦੀ ਸਭਾ ਵਿੱਚ ਨਸ਼ਿਆਂ ਦੀ ਵਰਤੋਂ ਵਿਰੁੱਧ ਸਹੁੰ ਚੁੱਕਾਈ ਜਾਵੇ।**<br>2. **ਨਸ਼ਾ ਮੁਕਤੀ ਸਲੋਗਨ ਲੇਖਣ ਮੁਕਾਬਲੇ।**<br>3. ਇਸ ਮਹੀਨੇ ਵਿੱਚ ਨੌਵੀਂ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਦੀ ਵੀਡਿਓ ਅਧਾਰਿਤ ਪਾਠਕ੍ਰਮ ਦੀ ਪੜ੍ਹਾਈ ਦੇ **ਦੋ** ਹਫਤਾਵਰੀ ਸੈਸ਼ਨ ਲਗਾਏ ਜਾਣ। |
| 7 | ਫਰਵਰੀ | 1. **ਵਿਦਿਆਰਥੀਆਂ ਨੂੰ ਨਸ਼ਿਆਂ ਦੇ ਜੋਖਮਾਂ ਅਤੇ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਲਈ Interactive sessions ਦਾ ਆਯੋਜਨ ਕੀਤਾ ਜਾਵੇ ।**<br>2. **ਸਿਹਤਮੰਦ ਜੀਵਨ ਸ਼ੈਲੀ ਸਬੰਧੀ ਪ੍ਰੇਰਨਾ।** |

6.0 **ਪ੍ਰਚਾਰ ਸਮੱਗਰੀ ਦੀ ਲਾਜ਼ਮੀ ਵਰਤੋਂ:** ਸਕੂਲ ਵਿੱਚ ਹੋਣ ਵਾਲੇ ਸਿੱਖਿਆ ਸਮਾਗਮਾਂ, ਨੋਟਿਸ ਬੋਰਡਾਂ ਅਤੇ ਪ੍ਰਚਾਰ ਸਮੱਗਰੀ ਉੱਤੇ ਨਸ਼ਾ ਮੁਕਤ ਭਾਰਤ ਅਭਿਆਨ ਦਾ ਲੋਗੋ, ਮਾਸਕੋਟ, **ਹੈਲਪਲਾਈਨ ਨੰਬਰ (14446)** ਅਤੇ ਸਹੁੰ ਚੁੱਕਣ ਵਾਲਾ (Pledge) QR ਕੋਡ ਪ੍ਰਦਰਸ਼ਿਤ ਕੀਤਾ ਜਾਵੇ।ਪ੍ਰਚਾਰ ਸਮੱਗਰੀ ਡਾਊਨਲੋਡ ਕਰਨ ਲਈ ਲਿੰਕ ਹੇਠ ਅਨੁਸਾਰ ਹੈ:

**https://drive.google.com/drive/folders/1cArYFi8v9vyhU9Gd3UGodEYg8RWe37FP**

7.0 **ਮਾਸਟਰ ਵਾਲੰਟੀਅਰਾਂ (ਨਸ਼ਾ ਮੁਕਤੀ ਮਿੱਤਰ) ਦੀ ਰਜਿਸਟ੍ਰੇਸ਼ਨ:** ਸਕੂਲਾਂ ਦੇ ਸੀਨੀਅਰ ਵਿਦਿਆਰਥੀਆਂ, ਐਨ.ਐਨ.ਐਸ.ਵਾਲੰਟੀਅਰਾਂ ਨੂੰ **'MY Bharat'** ਪੋਰਟਲ ਰਾਹੀਂ **'ਨਸ਼ਾ ਮੁਕਤੀ ਮਿੱਤਰ'** ਵਜੋਂ ਰਜਿਸਟਰ ਹੋਣ ਲਈ ਪ੍ਰੇਰਿਤ ਕੀਤਾ ਜਾਵੇ, ਤਾਂ ਜੋ ਜ਼ਮੀਨੀ ਪੱਧਰ 'ਤੇ ਗਤੀਵਿਧੀਆਂ ਦਾ ਰੀਅਲ-ਟਾਈਮ ਡਾਟਾ ਦਰਜ ਹੋ ਸਕੇ।ਨਸ਼ਾ ਮੁਕਤੀ ਮਿੱਤਰ ਵਜੋਂ ਵਿਦਿਆਰਥੀਆਂ ਨੂੰ ਰਜਿਸਟਰ ਕਰਵਾਉਣ ਦਾ ਲਿੰਕ ਹੇਠ ਅਨੁਸਾਰ ਹੈ:- **mybharat.gov.in →Register now →then register**

8.0 **ਆਨਲਾਈਨ ਟ੍ਰੇਨਿੰਗ(TAPAS ਪੋਰਟਲ):** ਸਕੂਲ ਦੇ ਸਬੰਧਤ ਨੋਡਲ ਅਧਿਆਪਕ/ਗਾਈਡੈਂਸ ਕੌਂਸਲਰ ਇਸ ਵਿਸ਼ੇ ਤੇ ਬਿਹਤਰ ਸਮਝ ਲਈ ਸਮਾਜਿਕ ਨਿਆਂ ਅਤੇ ਅਧਿਕਾਰਤਾ ਵਿਭਾਗ ਦੇ ਆਨਲਾਈਨ ਪਲੇਟਫਾਰਮ **TAPAS (dosed.gov.in)** ਰਾਂਹੀ ਮੁਫਤ ਕੋਰਸ/ਓਰੀਐਂਟੇਸ਼ਨ ਕਰ ਸਕਦੇ ਹਨ।

9.0 ਇਸ ਦਫਤਰ ਵੱਲੋਂ ਪੰਜਾਬ ਰਾਜ ਦੇ ਸਮੂਹ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਇੱਕ ਗੁਪਤ ਸੂਚਨਾ ਬੋਕਸ ਇਨਸਟਾਲ ਕਰਨ ਸਬੰਧੀ **(ਪੱਤਰ ਨੰ. ਮੀਮੋ ਨੰ 815470/236/26.09.2025)** ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ,ਇਸ ਬਾਕਸ ਵਿੱਚ ਵਿਦਿਆਰਥੀ,ਅਧਿਆਪਕ ਅਤੇ ਨਾਨ –ਟੀਚਿੰਗ ਸਟਾਫ ਨਸ਼ਿਆਂ ਸਬੰਧੀ ਗੁਪਤ ਸੂਚਨਾ ਸਲਿਪ ਤੇ ਦੇ ਸਕਦੇ ਹਨ। ਹਰੇਕ ਸਕੂਲ ਮੁੱਖੀ ਵਲੋਂ ਸਕੂਲ ਵਿੱਚ ਗੁਪਤ ਸੂਚਨਾਂ ਬਾਕਸ ਦਾ ਇਨਸਟਾਲ ਕੀਤਾ ਹੋਣਾ ਯਕੀਨੀ ਬਣਾਇਆ ਜਾਵੇ।

10.0 ਇਸ ਦਫਤਰ ਵੱਲੋਂ ਸਕੂਲਾਂ ਦੇ 500 ਮੀਟਰ ਦੇ ਘੇਰੇ ਨੂੰ ਡਰੱਗ-ਫ੍ਰੀ ਜ਼ੋਨ ਘੋਸ਼ਿਤ ਕਰਨ ਸਬੰਧੀ **(ਪੱਤਰ ਨੰ ਮੀਮੋ ਨੰ 835417/84/01.04.2026)** ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ। ਇਹਨਾਂ ਹਦਾਇਤਾਂ ਦੀ ਵੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

11.0 ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ, ਸਕੂਲ ਪੱਧਰ ਤੇ ਰਿਕਾਰਡ ਮੇਨਟੇਨ ਕੀਤਾ ਜਾਵੇ ਅਤੇ ਕੀਤੀ ਗਈ ਕਾਰਵਾਈ ਦੀ ਰਿਪੋਰਟ (ਫੋਟੋਆਂ ਅਤੇ ਵੀਡੀਓ ਸਮੇਤ) ਨਿਯਮਿਤ ਤੌਰ 'ਤੇ ਇਸ ਦਫ਼ਤਰ ਦੀ ਈ-ਮੇਲ **buddyprogramme01@gmail.com** ਤੇ **ਭੇਜਣੀ ਯਕੀਨੀ ਬਣਾਈ ਜਾਵੇ ।**

ਕਿਰਨ ਸ਼ਰਮਾ, ਪੀ.ਸੀ.ਐਸ.
ਡਾਇਰੈਕਟਰ, ਐਸ.ਸੀ.ਈ.ਆਰ.ਟੀ., ਪੰਜਾਬ

ਪਿੱਠ ਅੰਕਣ ਨੰਬਰ : ਉਕਤ ਮਿਤੀ: 01.06.2026

ਉਪਰੋਕਤ ਦਾ ਉਤਾਰਾ ਪੀ. ਏ. ਟੂ ਡਾਇਰੈਕਟਰ ਐਸ.ਸੀ.ਈ.ਆਰ.ਟੀ. ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਸਹਾਇਕ ਡਾਇਰੈਕਟਰ
ਐਸ.ਸੀ.ਈ.ਆਰ.ਟੀ., ਪੰਜਾਬ